ਪੰਜਾਬ ਸਰਕਾਰ
ਜਲ ਸਰੋਤ ਵਿਭਾਗ
(ਸਿੰਚਾਈ ਪ੍ਰਸੋਨਲ-1 ਸ਼ਾਖਾ)

7493
16 AUG 2018

## ਦਫ਼ਤਰੀ ਹੁੱਕਮ

ਸਰਕਾਰ ਦੇ ਪਿੱਠ ਅੰਕਣ ਨੰ: 02/02/2018-2ਸਪ1/1269565 ਮਿਤੀ 11.07.2018 ਰਾਹੀਂ ਲੜੀ ਨੰ: 5 ਤੇ ਦਰਸਾਏ ਅਧਿਕਾਰੀ ਸ਼੍ਰੀ ਜੋਗਿੰਦਰ ਲਾਲ, ਕਾਰਜਕਾਰੀ ਇੰਜੀਨੀਅਰ/ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਦੀ ਡਿਸਪੋਜ਼ਲ ਤੇ ਹੁਸ਼ਿਆਰਪੁਰ ਤੈਨਾਤ ਸਨ, ਨੂੰ ਬਦਲ ਕੇ ਰੋਪੜ ਹੈਡਵਰਕਸ ਮੰਡਲ, ਰੋਪੜ ਵਿਖੇ ਤੈਨਾਤ ਕਰਦੇ ਹੋਏ ਕਾਰਜਕਾਰੀ ਇੰਜੀਨੀਅਰ/ਜਲ ਪ੍ਰਬੰਧਨ ਖੋਜ਼ ਮੰਡਲ, ਰੋਪੜ ਦਾ ਵਾਧੂ ਚਾਰਜ਼ ਦਿੱਤਾ ਗਿਆ ਸੀ। ਅਧਿਕਾਰੀ ਵੱਲੋਂ ਇਹਨਾਂ ਹੁਕਮਾਂ ਨੂੰ ਮਾਨਯੋਗ ਹਾਈਕੋਰਟ ਵਿਖੇ ਚਨੌਤੀ ਦਿੱਤੀ ਗਈ। ਮਾਨਯੋਗ ਹਾਈਕੋਰਟ ਵੱਲੋਂ ਮਿਤੀ 24.07.2018 ਨੂੰ ਪਾਸ ਕੀਤੇ ਹੁਕਮਾਂ ਅਨੁਸਾਰ ਅਧਿਕਾਰੀ ਦੀ ਬਦਲੀ ਉਪਰ ਸਟੇਅ ਲਗਾ ਦਿੱਤੀ ਗਈ ਸੀ। ਮਾਨਯੋਗ ਹਾਈਕੋਰਟ ਵੱਲੋਂ ਦਿੱਤੇ ਹੁਕਮਾਂ ਦੀ ਪਾਲਣਾ ਹਿੱਤ ਸ਼੍ਰੀ ਜੋਗਿੰਦਰ ਲਾਲ, ਕਾਰਜਕਾਰੀ ਇੰਜੀਨੀਅਰ ਦੀ ਸਰਕਾਰ ਦੇ ਪਿੱਠ ਅੰਕਣ ਨੰ: 02/02/2018-2ਸਪ1/1269565 ਮਿਤੀ 11.07.2018 ਰਾਹੀਂ ਕੀਤੀ ਗਈ ਬਦਲੀ ਰੱਦ ਕਰਦੇ ਹੋਏ ਬਤੌਰ ਕਾਰਜਕਾਰੀ ਇੰਜੀਨੀਅਰ/ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਦੀ ਡਿਸਪੋਜ਼ਲ ਤੇ ਹੁਸ਼ਿਆਰਪੁਰ ਵਿਖੇ ਤੈਨਾਤ ਕੀਤਾ ਜਾਂਦਾ ਹੈ।

2. ਇਸ ਤੋਂ ਇਲਾਵਾ ਸ਼੍ਰੀ ਸੁਖਜੀਤ ਸਿੰਘ ਭੁੱਲਰ, ਕਾਰਜਕਾਰੀ ਇੰਜੀਨੀਅਰ ਜੋ ਕਿ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਦੀ ਡਿਸਪੋਜ਼ਲ ਤੇ ਮੋਹਾਲੀ ਵਿਖੇ ਤੈਨਾਤ ਹਨ, ਨੂੰ ਆਪਣੇ ਕੰਮ ਦੇ ਨਾਲ ਦੇ ਨਾਲ ਕਾਰਜਕਾਰੀ ਇੰਜੀਨੀਅਰ/ਰੋਪੜ ਹੈਡਵਰਕਸ ਮੰਡਲ, ਰੋਪੜ ਅਤੇ ਜਲ ਪ੍ਰਬੰਧਨ ਖੋਜ਼ ਮੰਡਲ, ਰੋਪੜ ਦਾ ਵਾਧੂ ਚਾਰਜ਼ ਦਿੱਤਾ ਜਾਂਦਾ ਹੈ। ਇਸ ਵਾਧੂ ਚਾਰਜ਼ ਬਦਲੇ ਅਧਿਕਾਰੀ ਨੂੰ ਕੋਈ ਵਾਧੂ ਤਨਖਾਹ/ਮਾਨਭੱਤਾ ਆਦਿ ਨਹੀਂ ਦਿੱਤਾ ਜਾਵੇਗਾ।

3. ਇਹ ਹੁੱਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

4. ਇਹ ਹੁੱਕਮ ਤੁਰੰਤ ਲਾਗੂ ਹੋਣਗੇ।

ਜਸਪਾਲ ਸਿੰਘ,ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਜਲ ਸਰੋਤ ਵਿਭਾਗ।

ਮਿਤੀ, ਚੰਡੀਗੜ੍ਹ:
16.08.2018

ਪਿੱਠ ਅੰਕਣ ਨੰ:20/29/2018-2ਸਪ1/1297917/15 ਮਿਤੀ,ਚੰਡੀਗੜ੍ਹ: 16-8-2018

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਲਿਖਿਆ ਜਾਂਦਾ ਹੈ ਕਿ ਹੁਕਮ ਤੁਰੰਤ ਸਬੰਧਤ ਅਧਿਕਾਰੀ ਨੂੰ electronic media ਰਾਹੀਂ ਰਸੀਵ ਕਰਵਾਏ ਜਾਣ ਅਤੇ ਹਾਜ਼ਰੀ ਰਿਪੋਰਟ ਦੀ ਕਾਪੀ ਸਰਕਾਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।
(2) ਸਮੂਹ ਮੁੱਖ ਇੰਜੀਨੀਅਰ/ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
(3) ਮੈਨੇਜਿੰਗ ਡਾਇਰੈਕਟਰ, ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ, ਚੰਡੀਗੜ੍ਹ;
(4) ਇੰਚਾਰਜ, ਕੰਪਿਊਟਰ ਸੈੱਲ, ਮੁੱਖ ਦਫ਼ਤਰ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
(5) ਸਬੰਧਤ ਅਧਿਕਾਰੀ ਮਾਰਫਤ: ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ:

Balbir Singh
ਸੁਪਰਡੰਟ 16-8-18

**ਅੰਦਰੂਨੀ ਵੰਡ:-**

- ਨਿੱ:ਸ:/ਮਾਨਯੋਗ ਜਲ ਸਰੋਤ ਮੰਤਰੀ ਪੰਜਾਬ ਜੀ;
- ਨਿੱ:ਸ:/ਮਾਨਯੋਗ ਪ੍ਰਮੁੱਖ ਸਕੱਤਰ, ਜਲ ਸਰੋਤ ਜੀ;
- ਨਿੱ:ਸਹਾਇਕ/ਮਾਨਯੋਗ ਵਧੀਕ ਸਕੱਤਰ ਜਲ ਸਰੋਤ;
- ਨਿੱ:ਸਹਾਇਕ/ ਅਧੀਨ ਸਕੱਤਰ ਜਲ ਸਰੋਤ।